## ਫੈਕਟ ਸ਼ੀਟ 07

# ਪੁਲਿਸ, ਨਿਆਂ ਪ੍ਰਕਿਰਿਆ ਅਤੇ ਨਸਲੀ ਗਰੀਬੀ

### ਨਸਲੀ ਲੋਕਾਂ ਨਾਲ ਪੁਲਿਸ ਅਤੇ ਨਿਆਂ ਵਿਵਸਥਾ ਵਿੱਚ ਵਿਤਕਰਾ

**ਪ੍ਰੋਫਾਈਲਿੰਗ (Profiling):** 2013 ਤੋਂ 2015 ਤੱਕ, ਓਟਵਾ ਪੁਲਿਸ ਸਰਵਿਸਿਜ਼ ਨੇ ਪਾਇਆ ਕਿ ਬਲੈਕ ਡਰਾਈਵਰਾਂ ਨੂੰ ਡਰਾਇਵਿੰਗ ਆਬਾਦੀ ਵਿੱਚ ਪ੍ਰਤੀਨਿਧਤਾ ਦੇ ਮੱਦੇਨਜ਼ਰ 2.3 ਗੁਣਾ ਜ਼ਿਆਦਾ ਰੋਕਿਆ ਗਿਆ ਸੀ। ਇਸੇ ਤਰ੍ਹਾਂ ਨੌਜਵਾਨ ਕਾਲੇ ਬੰਦਿਆਂ ਨੂੰ 8.3 ਗੁਣਾ, ਮਿਡਲ ਈਸਟ ਦੇ ਡਰਾਈਵਰਾਂ ਨੂੰ 3.3 ਅਤੇ ਮਿਡਲ ਈਸਟ ਦੇ ਨੌਜਵਾਨਾਂ ਨੂੰ 12 ਗੁਣਾ ਵਧੇਰੇ ਰੋਕਿਆ ਗਿਆ।

**ਪ੍ਰੀ-ਟਰਾਇਲ ਹਿਰਾਸਤ (Pre-Trial Detention):** ਓਨਟਾਰੀਓ ਵਿੱਚ ਜ਼ਮਾਨਤ (ਬੇਲ) ਪ੍ਰਣਾਲੀ ਬਾਰੇ ਸਾਲ 2016 ਦੀ ਰਿਪੋਰਟ ਅਨੁਸਾਰ ਪੁਲਿਸ ਦੀ ਨਾਜਾਇਜ਼ ਪੁੱਛ-ਪੜਤਾਲ ਅਤੇ ਨਸਲੀ ਵਿਤਕਰੇ ਦੇ ਸ਼ਿਕਾਰ ਲੋਕਾਂ ਦੀ ਸ਼੍ਰੇਣੀ ਵਿੱਚ ਆਉਂਦੇ ਇੰਡੀਜੀਨੱਸ ਅਤੇ ਕਲਰ ਕੋਡ ਵਾਲੇ ਲੋਕਾਂ ਨੂੰ ਪ੍ਰੀ-ਟਰਾਇਲ ਹਿਰਾਸਤ ਵਿੱਚ ਲੈਣ ਦੀ ਵਧੇਰੇ ਸੰਭਾਵਨਾ ਹੈ।

**ਸੈਗਰੇਗੇਸ਼ਨ (Segregation):** ਸਾਲ 2016 ਵਿੱਚ, ਟੋਰਾਂਟੋ ਮਰਦਮਸ਼ੁਮਾਰੀ ਮੈਟਰੋਪੋਲੀਟਨ ਖੇਤਰ ਦੀ ਕੁੱਲ ਆਬਾਦੀ ਦਾ 7.5% ਹੋਣ ਦੇ ਬਾਵਜੂਦ ਟੋਰਾਂਟੋ ਦੱਖਣੀ ਸਾਊਥ ਡਿਟੈਂਸ਼ਨ ਸੈਂਟਰ ਵਿੱਚ ਅਲੱਗ ਤੌਰ 'ਤੇ ਨਜ਼ਰਬੰਦ ਕੈਦੀਆਂ ਵਿੱਚ 40% ਕਾਲੇ ਸਨ।

***ਰਾਸ਼ਟਰੀ ਸੁਰੱਖਿਆ ਬਾਰੇ ਸਰਕਾਰ ਦੀਆਂ ਰਿਪੋਰਟਾਂ ਪੂਰੀ ਤਰ੍ਹਾਂ ਮੁਸਲਮਾਨ ਵਿਅਕਤੀਆਂ ਅਤੇ ਮੁਸਲਿਮ ਸੰਗਠਨਾਂ ਨੂੰ ਅੱਤਵਾਦ ਦੇ ਮੁੱਖ ਸਰੋਤ ਵਜੋਂ ਦੇਖਦੇ ਹੋਏ ਪੂਰੇ ਕੈਨੇਡਾ ਵਿੱਚ ਸਰਗਰਮ 100 ਤੋਂ ਵੱਧ ਅਤਿਅੰਤ ਸੱਜੇਪੱਖੀ ਅਤੇ ਵ੍ਹਾਈਟ ਸਰਬੋਤਮਵਾਦੀ (Extreme Right-Wing and White Supremacist) ਸਮੂਹਾਂ ਦੇ ਅਸਲ ਖ਼ਤਰੇ ਨੂੰ ਨਜ਼ਰਅੰਦਾਜ਼ ਕਰਦੀਆਂ ਹਨ।***



**ਗ੍ਰਿਫਤਾਰੀ ਦੀਆਂ ਦਰਾਂ (Rates of Arrest):** ਗੋਰਿਆਂ ਦੇ ਮੁਕਾਬਲੇ, ਘੱਟ ਗਿਣਤੀਆਂ (Minorties) ਨੂੰ ਗ੍ਰਿਫਤਾਰ ਕਰਕੇ ਦੋਸ਼ੀ ਠਹਿਰਾਇਆ ਜਾਣ ਅਤੇ ਸਜ਼ਾ ਦੇਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ, ਜਿਸ ਨੂੰ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਕਾਲੇ ਲੋਕਾਂ ਦੇ ਸ਼ੁਮਾਰ ਦਾ ਇੱਕ ਵੱਡਾ ਕਾਰਣ ਸਮਝਿਆ ਜਾਂਦਾ ਹੈ।

**ਜੇਲ (Incarceration):** ਸਾਲ 2016 ਵਿਚ, ਕਾਲੇ ਲੋਕ ਆਮ ਕੈਨੇਡੀਅਨ ਆਬਾਦੀ ਦਾ 3.5% ਹੋਣ ਦੇ ਬਾਵਜੂਦ ਵੀ ਨਜ਼ਰਬੰਦ ਕੀਤੀ ਗਈ ਕੁੱਲ ਆਬਾਦੀ ਦਾ 10 ਪ੍ਰਤੀਸ਼ਤ ਹਿੱਸਾ ਸਨ।

## ਇੰਡੀਜੀਨਸ ਫੈਕਟਸ

- ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ (Royal Canadian Mounted Police, RCMP ) ਨੇ ਸਾਲ 2014 ਦੀ ਇੱਕ ਰਿਪੋਰਟ ਵਿੱਚ ਮੰਨਿਆ ਹੈ ਕਿ 1980 ਤੋਂ 2012 ਦੇ ਵਿੱਚਕਾਰ ਕਨੇਡਾ ਭਰ ਵਿੱਚ 1,200 ਦੇ ਕਰੀਬ ਇੰਡੀਜੀਨੱਸ ਔਰਤਾਂ ਗੁੰਮੀਆਂ ਅਤੇ ਕਤਲ ਕੀਤੀਆਂ ਗਈਆਂ। ਹਾਲਾਂਕਿ ਇੰਡੀਜੀਨੱਸ ਵਿਮੈਨ ਗਰੁੱਪ ਇਸ ਸੰਖਿਆ ਨੂੰ 4,000 ਤੋਂ ਵੱਧ ਦੱਸਦੇ ਹਨ।
- ਸਾਲ 2004 ਦੇ ਆਮ ਸਮਾਜਿਕ ਸਰਵੇਖਣ ਅਨੁਸਾਰ, 15 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਇੰਡੀਜੀਨੱਸ ਔਰਤਾਂ, ਨਾਨ-ਇੰਡੀਜੀਨੱਸ ਔਰਤਾਂ ਦੇ ਮੁਕਾਬਲੇ ਵਧੇਰੇ ਹਿੰਸਾ ਦਾ ਸਾਹਮਣਾ ਕਰਦੀਆਂ ਹਨ।
- ਸਾਲ 2016 ਵਿੱਚ ਇੰਡੀਜੀਨੱਸ ਔਰਤਾਂ ਦੇ ਕਤਲੇਆਮ ਦੀ ਦਰ ਨਾਨ-ਇੰਡੀਜੀਨੱਸ ਔਰਤਾਂ ਨਾਲੋਂ 5 ਗੁਣਾ ਜ਼ਿਆਦਾ ਸੀ।
- ਉਨਟਾਰੀਓ ਦੀਆਂ ਜੇਲ੍ਹਾਂ ਵਿੱਚ ਵੱਖਰੇ ਕਰਕੇ ਨਜ਼ਰਬੰਦ ਕੀਤੇ ਕੈਦੀਆਂ ਵਿੱਚ 14% ਲੋਕ ਇੰਡੀਜੀਨੱਸ ਹਨ। ਸਾਲ 2016 ਵਿੱਚ ਨਜ਼ਰਬੌਦ ਕੀਤੇ ਅੱਧੇ ਤੋਂ ਵੱਧ ਇੰਡੀਜੀਨੱਸ ਮਰਦਾਂ ਅਤੇ ਔਰਤ ਖੁਦਕੁਸ਼ੀ ਬਾਰੇ ਸੋਚਦੇ ਸਨ।
- ਆਰਸੀਐਮਪੀ ਅਨੁਸਾਰ 90% ਤੋਂ ਵੱਧ ਤਸਕਰੀ ਪੀੜਤ ਕੈਨੇਡੀਅਨ ਨਾਗਰਿਕ ਹਨ। ਲਗਭਗ 92 ਪ੍ਰਤੀਸ਼ਤ ਪੀੜਤਾਂ ਨੂੰ ਜਿਨਸੀ ਸ਼ੋਸ਼ਣ ਦੇ ਉਦੇਸ਼ਾਂ ਲਈ ਤਸਕਰੀ ਕੀਤਾ ਜਾਂਦਾ ਹੈ। ਕਨੇਡਾ ਵਿੱਚ ਜ਼ਿਆਦਾਤਰ ਤਸਕਰੀ ਦਾ ਸ਼ਿਕਾਰ ਹੋਏ ਲੋਕ ਇੰਡੀਜੀਨੱਸ ਨੌਜਵਾਨ ਹਨ।
- ਹਾਲਾਂਕਿ ਕਨੇਡਾ ਦੀ ਕੁੱਲ ਆਬਾਦੀ ਦਾ ਸਿਰਫ 4.3% ਹੋਣ ਦੇ ਬਾਵਜੂਦ, ਸਾਲ 2016 ਵਿਚ ਫੈਡਰਲ ਤੌਰ 'ਤੇ ਨਜ਼ਰਬੰਦ ਕੀਤੀਆਂ ਗਈਆਂ ਔਰਤਾਂ ਦੀ ਆਬਾਦੀ ਦਾ 25% ਅਤੇ ਸੰਘੀ ਸਜ਼ਾ ਵਾਲੀਆਂ ਔਰਤਾਂ ਦਾ 35% ਇੰਡੀਜੀਨੱਸ ਔਰਤਾਂ ਸਨ।
- 2005 ਅਤੇ 2015 ਦੇ ਵਿਚਕਾਰ, ਕੈਦ ਕੀਤੇ ਗਏ ਇੰਡੀਜੀਨੱਸ ਲੋਕਾਂ ਦੀ ਗਿਣਤੀ ਵਿੱਚ 50% ਤੱਕ ਵੱਧ ਦਾ ਵਾਧਾ ਹੋਇਆ ਹੈ, ਜਦੋਂ ਕਿ ਕੈਦ ਕੱਟ ਚੁੱਕੀਆਂ ਇੰਡੀਜੀਨੱਸ ਔਰਤਾਂ ਦੀ ਗਿਣਤੀ ਲਗਭਗ ਦੁੱਗਣੀ ਹੈ ।

**ਜੋਖਮ (Risk):** ਘੱਟ ਆਮਦਨੀ ਵਾਲੀ ਆਬਾਦੀ ਵਿਚ ਨਸਲੀ ਭਾਈਚਾਰੇ ਵਧੇਰੇ ਨੁਮਾਇੰਦਗੀ ਕਰਦੇ ਹਨ ਅਤੇ ਉਨ੍ਹਾਂ ਨੂੰ ਬੇਘਰ, ਕੈਦ ਅਤੇ ਸੋਸ਼ਣ ਵਰਗੇ ਜੋਖਮਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਸਕਿਉਰਿਟੀ ਅਤੇ ਨਿਆਂ ਵਿਵਸਥਾ ਤੱਕ ਉਨ੍ਹਾਂ ਦੀ ਪਹੁੰਚ ਘੱਟ ਹੋ ਜਾਣ ਕਾਰਨ ਉਹ ਪੁਲਿਸ ਦੇ ਦੋਸ਼ੀ ਬਣ ਕੇ ਰਹਿ ਜਾਂਦੇ ਹਨ।

**ਪਹੁੰਚ (Access):** ਨਸਲ ਅਤੇ ਇਮੀਗ੍ਰੇਸ਼ਨ ਦੀ ਸਥਿਤੀ ਅਤੇ ਨਿਆਂ ਪ੍ਰਣਾਲੀ ਵਿਚ ਸਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਜਵਾਬਦੇਹ ਅਤੇ ਸੁਰੱਖਿਅਤ ਸੇਵਾਵਾਂ ਦੀ ਘਾਟ ਕਰਕੇ, ਨਸਲੀ ਭਾਈਚਾਰੇ ਦੇ ਲੋਕਾਂ ਦੀ ਨਿਆਂ ਤੱਕ ਪਹੁੰਚ ਅਤੇ ਪ੍ਰਸ਼ਾਸਨਿਕ ਟ੍ਰਿਬਿਊਨਲਾਂ ਅਤੇ ਨਿਆਂਇਕ ਸਹਾਇਤਾ ਤਕ ਇਹਨਾਂ ਦੀ ਉਚਿਤ ਨੁਮਾਇੰਦਗੀ ਨੂੰ ਹੋਰ ਵੀ ਮੁਸ਼ਕਲ ਬਣਾ ਦਿੱਤਾ ਜਾਂਦਾ ਹੈ।

**ਅਪਰਾਧੀਕਰਣ (Criminalization):** ਕੈਨੇਡੀਅਨ ਜ਼ਮਾਨਤ ਪ੍ਰਣਾਲੀ/ਬੇਲ ਸਿਸਟਮ (Bail System), ਨਾਜਾਇਜ਼ ਜ਼ੁਰਮਾਨੇ ਲਗਾਉਣ ਤੋਂ ਇਲਾਵਾ ਗਰੀਬੀ, ਨਸ਼ਾ ਅਤੇ ਮਾਨਸਿਕ ਬਿਮਾਰੀਆਂ ਨੂੰ ਵੀ ਇਕ ਅਪਰਾਧ ਵਜੋਂ ਦੇਖਦੀ ਹੈ ਜਿਸ ਕਰਕੇ ਲੋਕਾਂ ਵਿੱਚ ਅਸਮਾਨਤਾ ਹੋਰ ਵੀ ਵੱਧਦੀ ਹੈ ।

## ਧਿਆਨ ਦੇਣਯੋਗ ਤੱਥ

- ਕਲਰ ਕੋਡ ਵਾਲੇ ਕੈਨੇਡੀਅਨਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਨ੍ਹਾਂ ਦਾ ਪਿਛੋਕੜ ਯੂਰਪ ਤੋਂ ਨਹੀਂ ਹੈ। ਫਿਰ ਭਾਵੇਂ ਉਹਨਾਂ ਦਾ ਜਨਮ ਕੈਨੇਡਾ ਜਾਂ ਕਿਸੇ ਵੀ ਹੋਰ ਗੈਰ ਯੂਰਪੀਅਨ ਦੇਸ਼ ਵਿੱਚ ਹੋਇਆ ਹੋਵੇ।
- ਇੰਡੀਜੀਨੱਸ ਲੋਕਾਂ ਤੋਂ ਭਾਵ ਉਹਨਾਂ ਲੋਕਾਂ ਤੋਂ ਹੈ ਜਿਹਨਾਂ ਨੂੰ ਫਰਸਟ ਨੇਸ਼ਨਲਜ਼ (First Nationals), ਇਨਯੂਟ (Inuit), ਅਤੇ ਮੈਟਿਸ (Métis) ਸਮਝਿਆ ਜਾਂਦਾ ਹੈ।
- ਟੋਰਾਂਟੋ ਵਿਚ, ਗਰੀਬੀ ਵਿਚ ਰਹਿਣ ਵਾਲੇ ਸਾਰੇ ਵਿਅਕਤੀਆਂ ਦਾ 62% ਜਾਤੀਗਤ ਸਮੂਹਾਂ ਨਾਲ ਸੰਬੰਧ ਰੱਖਦੇ ਹਨ।
- ਕੈਨੇਡਾ ਦੇ 52% ਗਰੀਬ ਜਾਤੀਗਤ ਲੋਕ ਓਨਟਾਰੀਓ ਵਿੱਚ ਰਹਿੰਦੇ ਹਨ ।
- ਉਹ ਪਰਿਵਾਰ ਜੋ ਕਨੇਡਾ ਦੀ ਲੋ ਇਨਕਮ ਕਟ-ਆਫ (LICO) ਜਾਂ ਲੋ ਇਨਕਮ ਮੈਜ਼ਰ (LIM) ਤੋਂ ਹੇਠਾਂ ਆਉਂਦੇ ਹਨ ਉਹ ਕਿਸੇ ਆਮ ਪਰਿਵਾਰ ਦੇ ਮੁਕਾਬਲੇ ਆਪਣੀ ਆਮਦਨੀ ਦਾ ਬਹੁਤ ਵੱਡਾ ਹਿੱਸਾ ਭੋਜਨ ਅਤੇ ਪਨਾਹ ਵਰਗੀਆਂ ਬੁਨਿਆਦੀ ਜ਼ਰੂਰਤਾਂ 'ਤੇ ਖਰਚ ਕਰਦੇ ਹਨ । ਇਹ ਕਿਸੇ ਖਿੱਤੇ ਦੇ ਲੋਕਾਂ ਵਿੱਚ ਗਰੀਬੀ ਨੂੰ ਮਾਪਣ ਦਾ ਪੈਮਾਨਾ ਹੈ।
- ਸਿਸਟੇਮੈਟਿਕ ਰੇਸਿਜ਼ਮ (Systematic Racism) ਅਕਸਰ ਨੀਤੀਆਂ, ਅਭਿਆਸਾਂ ਅਤੇ ਸਕੀਮਾਂ ਵਿੱਚ ਕੀਤੇ ਗਏ ਪੱਖਪਾਤ ਕਰਕੇ ਹੁੰਦਾ ਹੈ ਜੋ ਕਿਸੇ ਗਰੁੱਪ ਨੂੰ ਫਾਇਦਾ ਜਾਂ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਸ਼ੁਰੂ ਹੁੰਦਾ ਹੈ।

- ਕੈਨੇਡਾ ਵਿੱਚ ਸਾਲ 2014 ਦੌਰਾਨ ਨਸਲੀ ਵਿਤਕਰੇ ਅਤੇ ਨਫਰਤ ਤੋਂ ਪ੍ਰੇਰਿਤ 611 ਅਪਰਾਧਿਕ ਮਾਮਲੇ ਸਾਹਮਣੇ ਆਏ ਜਿਨ੍ਹਾਂ ਵਿੱਚੋ 238 ਬਲੈਕ ਰੇਸਿਜ਼ਮ ਅਤੇ 429 ਮਾਮਲੇ ਧਰਮ (ਯਹੂਦੀ-213, ਮੁਸਲਿਮ-99) ਦੇ ਨਾਂ 'ਤੇ ਫੈਲਾਈ ਜਾਣ ਵਾਲੀ ਨਫਰਤ ਨਾਲ ਜੁੜੇ ਸਨ। ਮੁਸਲਮਾਨਾਂ ਖ਼ਿਲਾਫ਼ ਹੇਟ ਕ੍ਰਾਈਮ (Hate Crime) ਸਾਲ 2014 ਅਤੇ 2016 ਦਰਮਿਆਨ ਵੱਧ ਕੇ ਦੁੱਗਣਾ ਹੋ ਗਿਆ। ਹਾਲਾਂਕਿ, ਇਹ ਅੰਕੜੇ ਅਧੂਰੇ ਹਨ ਕਿਉਂਕਿ ਨਫ਼ਰਤ ਤੋਂ ਪ੍ਰੇਰਿਤ ਅਪਰਾਧਾਂ ਦਾ ਸਿਰਫ ਥੋੜਾ ਜਿਹਾ ਅਨੁਪਾਤ ਹੀ ਰਿਪੋਰਟ ਹੁੰਦਾ ਜਾਂ ਰਿਕਾਰਡ ਕੀਤਾ ਜਾਂਦਾ ਹੈ। ਅਜਿਹੇ ਅਪਰਾਧਾਂ ਨੂੰ ਯੋਜਨਾਬੱਧ ਤਰੀਕੇ ਨਾਲ ਟਰੈਕ ਕਰਨ ਦੀ ਦਰ ਵੀ ਕਾਫੀ ਘੱਟ ਹੈ ।
- ਸਾਲ 2013 ਵਿਚ ਕੰਜ਼ਰਵੇਟਿਵ ਸਰਕਾਰ ਨੇ ਕੈਨੇਡੀਅਨ ਮਨੁੱਖੀ ਅਧਿਕਾਰ ਐਕਟ ਦੀ ਧਾਰਾ 13 ਦੇ ਵਿਰੁੱਧ ਰੀ-ਅਪੀਲ ਕੀਤੀ। ਇਹ ਧਾਰਾ ਪੀੜਤਾਂ ਨੂੰ ਨਫ਼ਰਤ ਭਰੇ ਸੰਦੇਸ਼ਾਂ ਨੂੰ ਸਬੂਤ ਵਜੋਂ ਪੇਸ਼ ਕਰਕੇ ਸ਼ਿਕਾਇਤ ਦਰਜ ਕਰਨ ਦਾ ਕਾਨੂੰਨੀ ਅਧਿਕਾਰ ਦਿੰਦੀ ਸੀ । ਇਸ ਤਰ੍ਹਾਂ ਦੀਆਂ ਧਾਰਾਵਾਂ ਨੂੰ ਖਤਮ ਕਰਨਾ ਹੇਟ ਕ੍ਰਾਈਮ (Hate Crime) ਵਰਗੇ ਅਪਰਾਧਾਂ ਨੂੰ ਸਿੱਧੇ ਤੌਰ 'ਤੇ ਹੋਰ ਬੜ੍ਹਾਵਾ ਦੇਣਾ ਹੈ।
- 2015 ਤੱਕ, ਥੰਡਰ ਬੇਅ (Thunder Bay) ਓਨਟਾਰੀਓ ਵਿੱਚ, ਕੈਨੇਡਾ ਵਿੱਚ ਸਭ ਤੋਂ ਵੱਧ ਹੇਟ ਕ੍ਰਾਈਮ ਰਿਪੋਰਟ ਕੀਤੇ ਗਏ । ਇਹਨਾਂ ਅਪਰਾਧਾਂ ਦਾ ਲਗਭਗ ਸ਼ਿਕਾਰ ਹੋਣ ਵਾਲੇ ਲੋਕਾਂ ਦਾ ਲਗਭਗ ਅੱਧਾ ਹਿੱਸਾ ਇੰਡੀਜੀਨੱਸ ਕਮਿਊਨਿਟੀ ਦੇ ਲੋਕ ਸਨ।

## ਉਪਰਾਲੇ

**ਐਬਓਰਿਜਿਨਲ ਲੀਗਲ ਸਰਵਿਸਿਜ਼ (Aboriginal Legal Services)** ਕਨੇਡਾ ਦੇ ਵੱਡੇ-ਵੱਡੇ ਇੰਡੀਜੀਨੱਸ ਪ੍ਰੋਗਰਾਮਾਂ ਨੂੰ ਚਲਾਉਣ ਤੋਂ ਇਲਾਵਾ ਪੂਰੇ ਓਨਟਾਰੀਓ ਵਿੱਚ ਇੰਡੀਜੀਨੱਸ ਲੋਕਾਂ ਦੀ ਕਾਨੂੰਨੀ ਨੁਮਾਇੰਦਗੀ ਕਰਨ ਵਿੱਚ ਮੁਹਾਰਤ ਰੱਖਦੀ ਹੈ ।

Website: aboriginallegal.ca email: info@aboriginallegal.ca

**ਓਨਟਾਰਿਓ ਹਿਊਮਨ ਰਾਈਟਸ ਕਮਿਸ਼ਨ (Ontario Human Rights Commission, OHRC)** ਸਿੱਖਿਆ, ਨੀਤੀ ਵਿਕਾਸ, ਜਨਤਕ ਪੁੱਛ-ਗਿੱਛ ਅਤੇ ਕਾਨੂੰਨ ਦੀ ਵਰਤੋਂ ਕਰਕੇ ਨਫਰਤ ਅਤੇ ਵਿਤਕਰੇ ਦੀ ਭਾਵਨਾ ਪੈਦਾ ਕਰਨ ਵਾਲੀਆਂ ਪ੍ਰਣਾਲੀਆਂ ਅਤੇ ਸੰਸਥਾਵਾਂ ਦਾ ਪਰਦਾਫਾਸ਼ ਕਰਨ, ਉਹਨਾਂ ਨੂੰ ਚੁਣੌਤੀ ਦੇਣ ਅਤੇ ਖਤਮ ਕਰਨ ਲਈ ਅਨੁਕੂਲ ਮਾਹੌਲ ਸਿਰਜਣ ਲਈ ਵਚਨਬੱਧ ਹੈ।

Website: www.ohrc.on.ca email: info@ohrc.on.ca

**ਨੈਸ਼ਨਲ ਕੌਂਸਲ ਆਫ ਕੈਨੇਡੀਅਨ ਮੁਸਲਿਮਸ (National Council of Canadian Muslims, NCCM)** ਮੁਸਲਿਮ ਵਿਰੋਧੀ ਵਿਤਕਰੇ, ਨਫ਼ਰਤ ਜਾਂ ਪੱਖਪਾਤ ਦਾ ਸਾਹਮਣਾ ਕਰਨ ਵਾਲੇ ਇਸਲਾਮਿਕ ਭਾਈਚਾਰੇ ਦੇ ਹੱਕਾਂ ਦੀ ਗੱਲ ਕਰਦਾ ਹੈ ਅਤੇ ਉਹਨਾਂ ਨੂੰ ਲੋੜੀਂਦੀ ਮਦਦ ਪ੍ਰਦਾਨ ਕਰਦਾ ਹੈ।

Website: www.nccm.ca email: info@nccm.ca